www.prepp.in

Prepp
Your Personal Exams Guide

**Lang. Code : 15**

इस पुस्तिका में **20** पृष्ठ हैं ।
This booklet contains **20** pages.

# ATA-19-II

**प्रश्न-पत्र II / PAPER II**
**पंजाबी भाषा परिशिष्ट**
**Punjabi Language Supplement**
**भाग IV & V / PART IV & V**

परीक्षा पुस्तिका संकेत
Test Booklet Code

**E**

परीक्षा पुस्तिका संख्या
Test Booklet No.

**इस परीक्षा पुस्तिका को तब तक न खोलें जब तक कहा न जाए ।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 19 व 20)पर दिए निर्देशों को ध्यान से पढ़ें ।**
**Read carefully the Instructions on the Back Cover (Page 19 & 20) of this Test Booklet.**

**पंजाबी में निर्देशों के लिए इस पुस्तिका का पृष्ठ 2 देखें । / For instructions in Punjabi see Page 2 of this Booklet.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें ।
5. इस भाषा पुस्तिका का **संकेत** है **E** । यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है । अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए ।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा I (भाग-IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page / marking responses in the Answer Sheet.
5. The CODE for this Language Booklet is **E**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part -V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) :
Name of the Candidate (in Capitals) :
अनुक्रमांक : (अंकों में)
Roll Number : in figures
: (शब्दों में)
: in words
परीक्षा केन्द्र (बड़े अक्षरों में) :
Centre of Examination (in Capitals) :
परीक्षार्थी के हस्ताक्षर :
Candidate's Signature :
निरीक्षक के हस्ताक्षर :
Invigilator's Signature :
Facsimile signature stamp of
Centre Superintendent

**E**

www.prepp.in

Prepp
Your Personal Exams Guide



**Lang. Code : 15**

ਇਸ ਪੁਸਤਿਕਾ ਵਿੱਚ 20 ਪੰਨੇ ਹਨ ।

# ATA-19-II

## ਪੇਪਰ II
## ਪੰਜਾਬੀ ਭਾਸ਼ਾ ਪੂਰਕ
## ਭਾਗ IV & V

ਪਰੀਖਿਆ ਪੁਸਤਿਕਾ ਸੰਕੇਤ

**E**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**

**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (19 & 20) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ **ਜਾਂ** ਤਾਂ ਭਾਗ IV (ਭਾਸ਼ਾ I) **ਜਾਂ** ਭਾਗ V (ਭਾਸ਼ਾ II) **ਪੰਜਾਬੀ** ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ **ਦੋਨਾਂ ਵਿੱਚ ਨਹੀਂ** ।
2. ਪਰੀਖਿਆਰਥੀ ਭਾਗ I ਅਤੇ ਭਾਗ II ਜਾਂ III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ **ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ-ਪੁਸਤਿਕਾ ਦਾ **ਸੰਕੇਤ** ਹੈ **E**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ **ਪੰਨਾ-2** ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ **ਦੋ** ਭਾਗ IV ਅਤੇ V ਹਨ, ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :
   ਭਾਗ IV : ਭਾਸ਼ਾ I – (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*
   ਭਾਗ V : ਭਾਸ਼ਾ II – (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ____________________

ਰੋਲ ਨੰਬਰ : ਅੰਕਾ ਵਿੱਚ ____________________

: ਸ਼ਬਦਾਂ ਵਿੱਚ ____________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ____________________

ਪਰੀਖਿਆਰਥੀ ਦੇ ਦਸਖ਼ਤ : ____________ ਨਿਰੀਖਿਅਕ ਦੇ ਦਸਖਤ : ____________

Facsimile signature stamp of
Centre Superintendent : ____________________

www.prepp.in



ਉਮੀਦਵਾਰ **ਭਾਗ-IV** ਦੇ ਪ੍ਰਸ਼ਨ (ਪ੍ਰ.ਨੰ. **91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ ।

Candidates should attempt the questions from **Part-IV [Q. No. 91 – 120]**, if they have opted **PUNJABI** as **LANGUAGE – I** only.

www.prepp.in



## ਭਾਗ – IV

## ਭਾਸ਼ਾ – I

## ਪੰਜਾਬੀ

**ਉਮੀਦਵਾਰ ਭਾਗ-IV ਦੇ ਪ੍ਰਸ਼ਨ (ਪ੍ਰ.ਨੰ. 91-120) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਭਾਸ਼ਾ-I ਚੋਣ ਕੀਤੀ ਹੈ ।**

**ਨਿਰਦੇਸ਼ : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. 91 ਤੋਂ 99) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਪੰਜਾਬ ਦੀ ਬੋਲੀ ਪੰਜਾਬੀ ਹੈ । ਪਰ ਪੰਜਾਬ ਕਿਹੜਾ ? ਇਸ ਮੁਲਕ ਦੀਆਂ ਹਦਾਂ ਬਦਲਦੀਆਂ ਆਈਆਂ ਹਨ । ਭੂਗੋਲਿਕ ਜਾਂ ਜੁਗਰਾਫ਼ਈ ਹੱਦਾਂ ਤਾਂ ਉਹੀ ਹਨ ਜੋ ਸ਼ੁਰੂ ਤੋਂ ਚਲੀਆਂ ਆਉਂਦੀਆਂ ਹਨ; ਭਾਵੇਂ ਇਕ ਪਾਸੇ ਸੁਰੱਸਤੀ, ਜੋ ਕਦੇ ਸਤਲੁਜ ਤੇ ਜਮਨਾ ਦੇ ਵਿਚਕਾਰ ਵਗਦੀ ਸੀ, ਤੇ ਦੂਜੇ ਪਾਸੇ ਅਟਕ, ਇਸ ਨੂੰ ਸਪਤ ਸਿੰਧੂ ਆਖਦੇ ਹਨ, ਕਿਉਂਕਿ ਇਸ ਵਿਚ ਸੱਤ ਦਰਿਆ ਵਹਿੰਦੇ ਸਨ । ਪਿਛੋਂ ਜਾ ਕੇ ਮੁਲਕੀ ਵੰਡ ਅਨੁਸਾਰ ਇਹ ਇਲਾਕਾ ਕੁਝ ਘੱਟ ਕੀਤਾ ਗਿਆ ਅਤੇ ਪੰਜਾਬ ਅਖਵਾਣ ਲੱਗਾ, ਅਰਥਾਤ ਪੰਜ ਦਰਿਆਵਾਂ ਵਾਲਾ ਮੁਲਕ ਜਿਸ ਵਿਚੋਂ ਅਟਕ ਦਾ ਇਲਾਕਾ ਕਾਬਲ ਨਾਲ ਰਲਾ ਦਿੱਤਾ ਗਿਆ ਤੇ ਪੂਰਬ ਵਿਚੋਂ ਸੁਰੱਸਤੀ ਦਰਿਆ ਸੁੱਕ ਕੇ ਲੋਪ ਹੋ ਗਿਆ, ਜਿਸ ਕਰਕੇ ਇਸ ਇਲਾਕੇ ਵਿਚ ਪੰਜ ਦਰਿਆ ਰਹਿ ਗਏ : ਸਤਲੁਜ, ਬਿਆਸ, ਰਾਵੀ, ਝਨਾਂ ਤੇ ਜਿਹਲਮ । ਇਸ ਸਾਰੇ ਇਲਾਕੇ ਦੀ ਬੋਲੀ ਪੰਜਾਬੀ ਹੈ । ਜਿਸ ਵਿਚ ਮਾਲਵਾ, ਦੁਆਬਾ, ਮਾਝਾ, ਬਾਰ, ਮੁਲਤਾਨ, ਧਨੀ ਪੋਠੋਹਾਰ ਸ਼ਾਮਲ ਹਨ । ਪੂਰਬ ਵਾਲੇ ਪਾਸੇ ਅੰਬਾਲੇ ਦੇ ਜ਼ਿਲ੍ਹੇ ਵਿਚ ਰੋਪੜ ਤੇ ਖਰੜ ਦੀਆਂ ਤਹਿਸੀਲਾਂ ਪੰਜਾਬੀ ਬੋਲਦੀਆਂ ਹਨ ਤੇ ਬਾਕੀ ਦੀਆਂ ਨਹੀਂ । ਘੱਗਰ ਦਰਿਆ ਹੱਦ ਬੰਨਾ ਹੈ । ਕਈ ਲੋਕ ਗ੍ਰੀਅਰਸਨ (Grierson) ਪਿਛੇ ਲੱਗ ਕੇ ਲਹਿੰਦੇ ਪਾਸੇ ਹੀ ਬੋਲੀ ਨੂੰ ਪੰਜਾਬੀ ਵਿਚੋਂ ਕੱਢ ਦਿੰਦੇ ਹਨ । ਪਰ ਇਹ ਠੀਕ ਨਹੀਂ । ਲਹਿੰਦੀ ਪੰਜਾਬੀ ਦਾ ਨਿਗਰ ਅੰਗ ਹੈ । ਇਸ ਦਾ ਸਾਹਿਤ ਪੰਜਾਬੀ ਦਾ ਮਾਨ ਹੈ । ਕੌਣ ਕਹਿ ਸਕਦਾ ਹੈ ਕਿ ਮੁਲਤਾਨ ਦੇ ਅਲੀ ਹੈਦਰ ਦੀਆਂ ਸੀਹਰਫ਼ੀਆਂ ਪੰਜਾਬੀ ਨਹੀਂ ?

**91. ਸਪਤ ਸਿੰਧੂ ਤੋਂ ਭਾਵ ਹੈ :**

(1) ਸੱਤ ਸਭਿਅਤਾਵਾਂ ਦੀ ਧਰਤੀ

(2) ਸੱਤ ਬਹਾਦਰ ਯੋਧਿਆਂ ਦੀ ਧਰਤੀ

(3) ਸੱਤ ਦਰਿਆਵਾਂ ਦੀ ਧਰਤੀ

(4) ਸੱਤਾਂ ਪੀਰਾਂ ਦੀ ਧਰਤੀ

**92. ਅਟਕ ਦਾ ਇਲਾਕਾਂ ਕਿਸ ਰਾਜਨੀਤਕ ਖੇਤਰ ਨਾਲ ਮਿਲਾਇਆ ਗਿਆ ?**

(1) ਕਾਬਲ ਨਾਲ

(2) ਤਜ਼ਾਕਿਸਤਾਨ ਨਾਲ

(3) ਤਿੱਬਤ ਨਾਲ

(4) ਮਾਝੇ ਨਾਲ

www.prepp.in

Prepp
Your Personal Exams Guide



**93.** **ਪੰਜਾਬ ਦੇ ਪੰਜ ਦਰਿਆਵਾਂ (ਸਤਲੁਜ, ਬਿਆਸ, ਰਾਵੀ, ਝਨਾਂ ਅਤੇ ਜਿਹਲਮ) ਨਾਲ ਕਿਸ ਇਲਾਕੇ ਦਾ ਸੰਬੰਧ ਨਹੀਂ ?**

(1) ਦੁਆਬਾ

(2) ਮਾਝਾ

(3) ਮੁਲਤਾਨ

(4) ਮਗਧ

**94.** **ਗ੍ਰੀਅਰਸਨ ਨੇ ਪੰਜਾਬੀ ਭਾਸ਼ਾ ਬਾਰੇ ਕਿਸ ਭ੍ਰਾਂਤੀ ਨੂੰ ਪੈਦਾ ਕੀਤਾ ?**

(1) ਲਹਿੰਦੀ ਪੰਜਾਬੀ ਦਾ ਨਿੱਗਰ ਅੰਗ ਹੈ ।

(2) ਉਸਦੇ ਲਹਿੰਦੇ ਪਾਸੇ ਦੀ ਬੋਲੀ ਨੂੰ ਪੰਜਾਬੀ ਵਿਚੋਂ ਕੱਢ ਦਿੱਤਾ ।

(3) ਰੋਪੜ ਤਹਿਸੀਲ ਪੰਜਾਬ ਦਾ ਹਿੱਸਾ ਨਹੀਂ ।

(4) ਪੰਜਾਬੀ ਬੋਲੀ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ ।

**95.** **ਇਸ ਪੈਰ੍ਹੇ ਵਿਚ ਕਿਸ ਕਵੀ ਦੀਆਂ ਸੀਹਰਫੀਆਂ ਦਾ ਜ਼ਿਕਰ ਆਇਆ ਹੈ ?**

(1) ਗ੍ਰੀਅਰਸਨ

(2) ਅਲੀ ਹੈਦਰ

(3) ਬਾਬਾ ਬੁੱਲ੍ਹੇ ਸ਼ਾਹ

(4) ਸ਼ੇਖ਼ ਬ੍ਰਹਮ

**96.** **ਪੂਰਬੀ ਪੰਜਾਬ ਦੇ ਕਿਹੜੇ ਹਿੱਸਿਆਂ ਵਿਚ ਪੰਜਾਬੀ ਬੋਲੀ ਜਾਂਦੀ ਹੈ ?**

(1) ਰੋਪੜ ਅਤੇ ਖਰੜ

(2) ਪੋਠੋਹਾਰ ਅਤੇ ਝੰਗ

(3) ਮਾਲਵਾ ਅਤੇ ਦੁਆਬਾ

(4) ਰੋਪੜ ਅਤੇ ਮਾਝਾ

**97.** **'ਇਸ ਮੁਲਕ ਦੀਆਂ ਹੱਦਾਂ ਬਦਲਦੀਆਂ ਆਈਆਂ ਹਨ ।' ਵਾਕ ਵਿਚ 'ਇਸ' ਕੀ ਹੈ ?**

(1) ਪੜਨਾਂਵ

(2) ਵਿਸ਼ੇਸ਼ਣ

(3) ਕਿਰਿਆ ਵਿਸ਼ੇਸ਼ਣ

(4) ਨਿਪਾਤ

**98.** **ਕਿਹੜਾ ਦਰਿਆ ਅੱਜ ਹੋਂਦ ਵਿਚ ਨਹੀਂ ?**

(1) ਗੋਦਾਵਰੀ

(2) ਜਿਹਲਮ

(3) ਸੁਰੱਸਤੀ

(4) ਅਟਕ

**99.** **ਸੁਰੱਸਤੀ ਨਦੀ ਕਿਥੇ ਵਗਦੀ ਸੀ ?**

(1) ਸਤਲੁਜ ਤੇ ਜਮੁਨਾ ਵਿਚਕਾਰ ਵਗਦੀ ਸੀ

(2) ਰਾਵੀ ਤੇ ਬਿਆਸ ਦਰਮਿਆਨ ਵਗਦੀ ਸੀ

(3) ਗੰਗਾ ਤੇ ਜਮੁਨਾ ਦਰਮਿਆਨ ਵਗਦੀ ਸੀ

(4) ਸਤਲੁਜ ਅਤੇ ਗੋਦਾਵਰੀ ਦਰਮਿਆਨ ਵਗਦੀ ਸੀ

www.prepp.in



**ਹੇਠਾਂ ਦਿੱਤੀ ਕਾਵਿ-ਟੁੱਕੜੀ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (100 ਤੋਂ 105) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਕਮਦਿਲਾਂ ਨੂੰ ਦਿਲ, ਨਪਰਿਆਂ ਪਰ ਦਈਂ ।
ਯਾ ਖ਼ੁਦਾ ਸਭ ਬੇ ਘਰਾਂ ਨੂੰ ਘਰ ਦਈਂ ।

ਹਰ ਸੁਹਾਗਣ ਦਾ ਰਹੇ ਜ਼ਿੰਦਾ ਸੁਹਾਗ
ਉਮਰ ਲੰਘਦੀ ਜਾ ਰਹੀ ਨੂੰ ਵਰ ਦਈਂ ।

ਤੋਤਲੇ ਬੋਲਾਂ ਦਾ ਰਾਖਾ ਖ਼ੁਦ ਬਣੀਂ,
ਖ਼ੌਫ ਹਰ ਕਾਤਲ ਦੇ ਸੀਨੇ ਭਰ ਦਈਂ ।

ਹਰ ਸਿਪਾਹੀ ਪਰਤ ਆਵੇ ਜੰਗ 'ਚੋਂ,
ਖ਼ਾਕ ਚਿਹਰੇ ਫੇਰ ਰੌਸ਼ਨ ਕਰ ਦਈਂ ।

100. **'ਉਮਰ ਲੰਘਦੀ ਜਾ ਰਹੀ ਨੂੰ ਵਰ ਦੇਈ' ਹੈ :**

(1) ਦੂਸਰਾ ਮਿਸਰਾ

(2) ਪਹਿਲਾ ਮਿਸਰਾ

(3) ਰਦੀਫ਼

(4) ਮਤਲਾ

101. **'ਕਮਦਿਲਾਂ ਨੂੰ ਦਿਲ, ਨਪਰਿਆਂ ਪਰ ਦਈਂ ।**
**ਯਾ ਖ਼ੁਦਾ ਸਭ ਬੇਘਰਾਂ ਨੂੰ ਘਰ ਦਈਂ ।'**
**ਉਫਰੋਕਤ ਕਾਵਿ ਅੰਸ ਹੈ :**

(1) ਕਾਫ਼ੀਆ

(2) ਰਦੀਫ਼

(3) ਮਕਤਾ

(4) ਮਤਲਾ

102. **'ਤੋਤਲੇ ਬੋਲਾਂ ਦਾ ਰਾਖਾ ਖ਼ੁਦ ਬਣੀਂ' ਸਤਰ ਵਿਚ ਰਾਖਾ ਕਿਸ ਨੂੰ ਕਿਹਾ ਗਿਆ ਹੈ ?**

(1) ਪਤੀ ਨੂੰ

(2) ਖ਼ੁਦਾ ਨੂੰ

(3) ਸਿਪਾਹੀ ਨੂੰ

(4) ਸੁਹਾਗਣ ਨੂੰ

103. **'ਸੁਹਾਗਣ' ਦਾ ਵਿਪਰੀਤ ਸ਼ਬਦ ਹੈ :**

(1) ਜਿਸ ਦਾ ਮੁਕਲਵਾ ਨਾ ਹੋਇਆ ਹੋਵੇ

(2) ਔਰਤ

(3) ਵਿਧਵਾ

(4) ਵਿਆਹੀ-ਵਰ੍ਹੀ

104. **ਕਵਿਤਾ ਵਿਚ ਸਿਪਾਹੀ ਦਾ ਸੰਬੰਧ ਕਿਸ ਨਾਲ ਦੱਸਿਆ ਗਿਆ ਹੈ ?**

(1) ਪਤਨੀ ਨਾਲ

(2) ਪਿਤਾ ਨਾਲ

(3) ਰੌਸ਼ਨੀ ਨਾਲ

(4) ਜੰਗ ਨਾਲ

www.prepp.in

Prepp
Your Personal Exams Guide



**105.** ਇਸ ਟੁੱਕੜੀ ਦਾ ਕਾਵਿ-ਰੂਪ ਹੈ :

(1) ਗੀਤ

(2) ਨਜ਼ਮ

(3) ਗ਼ਜ਼ਲ

(4) ਰੁਬਾਈ

**106.** ਪੜ੍ਹਨ-ਕੌਸ਼ਲ ਨਹੀਂ ਹੈ :

(1) ਸਿਰਜਨਾਤਮਕ

(2) ਕਾਲਪਨਿਕ

(3) ਪ੍ਰਗਤੀਸ਼ੀਲ

(4) ਸੁਵਿਚਾਰਿਤ (Deliberate)

**107.** ਇਨ੍ਹਾਂ ਵਿਚੋਂ ਕਿਹੜਾ ਵਿਸਤ੍ਰਿਤ ਪਾਠ ਨਾਲ ਸੰਬੰਧਿਤ ਨਹੀਂ ਹੈ :

(1) ਇਸ ਨਾਲ ਪੜ੍ਹਨ ਦਾ ਮਹਾਂ-ਅਨੰਦ ਆਉਂਦਾ ਹੈ।

(2) ਇਹ ਡੂੰਘੀ ਸਮਝ ਲਈ ਹਰ ਨਿੱਕੇ-ਨਨ੍ਹੇ ਵੇਰਵੇ ਦੀ ਪੜ੍ਹਤ ਵਿਚ ਮਦਦ ਕਰਦੀ ਹੈ।

(3) ਇਹ ਭਾਸ਼ਾ ਦੀ ਸਿਖਲਾਈ ਨੂੰ ਵਧਾਉਂਦੀ ਹੈ।

(4) ਇਹ ਪੜ੍ਹਤ ਪਾਠ ਦੀ ਸਮੁੱਚੀ ਸਮਝ ਲਈ ਹੈ।

**108.** ਲਿਖਤ ਦੀ ਪਹੁੰਚ ਪ੍ਰਕਿਰਿਆ (Process approach) ਦਾ ਕੇਂਦਰ ਹੈ :

(1) ਸਿਰਫ ਪ੍ਰਕਿਰਿਆ

(2) ਸਿਰਫ ਵਸਤੂ

(3) ਪ੍ਰਕਿਰਿਆ ਅਤੇ ਵਸਤੂ ਦੋਵੇਂ

(4) ਸੁਲੇਖ ਦੀ ਵਰਤੋਂ

**109.** ਭਾਸ਼ਾ ਦੇ ਪਾਠਕ੍ਰਮ ਵਿਚ ਸਾਹਿਤ ਨੂੰ ਸ਼ਾਮਿਲ ਕਰਨ ਲਈ ਹੇਠ ਲਿਖਿਆਂ ਵਿਚੋਂ ਕਿਹੜਾ ਪੱਖ ਸਭ ਤੋਂ ਘਟ ਮਹੱਤਵਪੂਰਨ ਹੈ :

(1) ਇਹ ਸਿਰਫ ਸੁਣਨ ਅਤੇ ਬੋਲਣ ਕਲਾ ਨੂੰ ਵਿਕਸਤ ਕਰਦਾ ਹੈ।

(2) ਇਹ ਇਕ ਪ੍ਰਮਾਣਿਕ ਸਮਗਰੀ ਹੈ।

(3) ਇਹ ਵਿਦਿਆਰਥੀਆਂ ਲਈ ਦੂਸਰੇ ਸਭਿਆਚਾਰ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ।

(4) ਇਹ ਵਿਦਿਆਰਥੀਆਂ ਨੂੰ ਉਨ੍ਹਾਂ ਦਾ ਵਿਅਕਤੀਗਤ ਪ੍ਰਤੀਕਰਮ ਦੇਣ ਲਈ ਉਤਸਾਹਿਤ ਕਰਦਾ ਹੈ।

**110.** ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਸਹੀ ਹੈ ?

(1) ਵਿਸਰਾਮ ਚਿੰਨ੍ਹ ਕਿਸੇ ਵਾਕ ਦੇ ਅਰਥ ਵਿਚ ਬਦਲਾਅ ਕਰਦੇ ਹਨ।

(2) ਵਿਸਰਾਮ ਚਿੰਨ੍ਹਾਂ ਦੀ ਵਰਤੋਂ ਨਾਲ ਕਿਸੇ ਵਾਕ ਵਿਚ ਕੋਈ ਤਬਦੀਲੀ ਨਹੀਂ ਹੁੰਦੀ।

(3) ਵਿਸਰਾਮ ਚਿੰਨ੍ਹ ਕਿਸੇ ਪਾਠ ਦੀ ਸੁਹਜ-ਸਿਰਜਣਾ ਵਿਚ ਸਹਾਈ ਹੁੰਦੇ ਹਨ।

(4) ਵਿਸਰਾਮ ਚਿੰਨ੍ਹ ਪਾਠ ਦੀ ਪੜ੍ਹਤ ਦੀ ਰਵਾਨੀ ਵਿਚ ਰੁਕਾਵਟ ਪੈਦਾ ਕਰਦੇ ਹਨ।

www.prepp.in



**111. ਵਿਦਿਆਰਥੀਆਂ ਦੀ ਲਿਖਤ ਦੇ ਮੁਲਾਂਕਣ ਦਾ ਸਭ ਤੋਂ ਵੱਧ ਮਹੱਤਵਯੋਗ ਕੇਂਦਰ ਹੋਣਾ ਚਾਹੀਦਾ ਹੈ**

(1) ਸਹੀ ਸ਼ਬਦ ਜੋੜ ਅਤੇ ਵਿਆਕਰਨ

(2) ਵਿਚਾਰਾਂ ਦੀ ਅਭਿਵਿਅਕਤੀ

(3) ਸ਼ਬਦਾਂ ਦੀ ਗਿਣਤੀ ਨਿਰਧਾਰਤ ਕਰਨਾ

(4) ਲਿਖਣ ਸਮੇਂ ਮੁਹਾਵਰੇ ਅਤੇ ਅਖਾਉਤਾਂ ਦੀ ਵਰਤੋਂ

**112. ਐੱਨ.ਸੀ.ਐੱਫ 2005 ਦੇ ਨਿਰਦੇਸ਼ਕ ਸਿਧਾਂਤਾਂ ਵਿਚ ਹੇਠ ਲਿਖਿਆਂ ਵਿਚੋਂ ਕਿਹੜਾ ਸ਼ਾਮਿਲ ਨਹੀਂ ਹੈ :**

(1) ਸਕੂਲ ਤੋਂ ਬਾਹਰ ਜੀਵਨ ਨਾਲ ਗਿਆਨ ਨੂੰ ਜੋੜਨਾ

(2) ਇਸ ਗੱਲ ਨੂੰ ਯਕੀਨੀ ਬਣਾਉਣਾ ਕਿ ਸਿੱਖਿਆ ਰੁੜ੍ਹੀਵਾਦੀ ਵਿਧੀਆਂ ਤੋਂ ਹਟ ਕੇ ਰਹੇ ।

(3) ਪਾਠਕ੍ਰਮ ਪਾਠ-ਪੁਸਤਕ ਅਧਾਰੀ ਹੋਣਾ ਚਾਹੀਦਾ ਹੈ ।

(4) ਜਮਾਤ ਵਿਚ ਇਮਤਿਹਾਨਾਂ ਨੂੰ ਵਧੇਰੇ ਲਚੀਲਾ ਅਤੇ ਸੰਗਠਿਤ ਬਣਾਉਣਾ

**113. ਉਹ ਬਿੰਬ ਜੋ ਕਿ ਕਿਸੇ ਵਾਪਰੀ ਘਟਨਾ ਦੀ ਤਥਾਤਮਕ ਸੂਚਨਾ ਨੂੰ ਬਿਆਨ ਕਰਦਾ ਹੈ ਕਿ ਇਹ ਕਦੋਂ ਵਾਪਰੀ, ਕਿੱਥੇ ਵਾਪਰੀ ਅਤੇ ਇਸਦੀ ਉਤੇਜਨਾ ਦੇ ਫਲਸਰੂਪ ਕਾਰਜ ਕਿਵੇਂ ਸੰਪੰਨ ਹੋਇਆ ਨੂੰ ਕਿਹਾ ਜਾਵੇਗਾ :**

(1) ਪ੍ਰੋਜੈਕਟ ਵਰਕ

(2) ਅਸਾਇੰਟਮੈਂਟ

(3) ਐਨੇਕਡੋਟਲ ਰਿਕਾਰਡ (Annedotal Record)

(4) ਰੇਟਿੰਗ ਸਕੇਲ (Rating Scale)

**114. ਹੇਠ ਲਿਖਿਆਂ ਵਿਚੋਂ ਕਿਹੜਾ ਪੁਖਤਾ ਪ੍ਰਮਾਣ ਹੈ ਜੋ ਇਹ ਦਰਸਾਉਂਦਾ ਹੈ ਕਿ ਵਿਦਿਆਰਥੀ ਦੀ ਭਾਸ਼ਾ ਵਿਚ ਕੀ ਕਾਰਗੁਜ਼ਾਰੀ ਹੈ ?**

(1) ਇਮਤਿਹਾਨ ਵਿਚ ਪ੍ਰਾਪਤ ਅੰਕ

(2) ਵਿਦਿਆਰਥੀਆਂ ਵਲੋਂ ਲਿਖਣ ਤੇ ਬੋਲਣ ਲਈ ਵਰਤੀ ਗਈ ਭਾਸ਼ਾ

(3) ਰਾਸ਼ਟਰੀ ਪਾਠਕ੍ਰਮ ਅਤੇ ਪਾਠ-ਪ੍ਰਣਾਲੀ ਦੀ ਸਮਝ

(4) ਭਾਸ਼ਾਈ ਟੀਚੇ ਅਤੇ ਉੱਦੇਸ਼ ਬਾਰੇ ਜਾਣਨਾ

**115. Vygotsky ਦੇ Scaffolding hypothesis ਅਨੁਸਾਰ ਇਕ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਭਾਸ਼ਾ ਸਿੱਖਿਆਰਥੀਆਂ ਨੂੰ ਜੋੜਿਆਂ ਅਤੇ ਸਮੂਹਾਂ ਵਿਚ ਕੰਮ ਕਰਨ ਦਾ ਮੌਕਾ ਪ੍ਰਦਾਨ ਕਰੇ ਜਿਵੇ :**

(1) ਇਹ ਇਕ ਅਧਿਆਪਨ ਵਾਸਤੇ ਕਾਰਜ ਦੇ ਪ੍ਰਬੰਧਨ ਲਈ ਸੁਖਾਲਾ ਹੈ ।

(2) ਵਿਦਿਆਰਥੀਆਂ ਵਿਚਕਾਰ ਆਪਸੀ ਚਰਚਾ ਅਧਿਆਪਕ ਨੂੰ ਤਨਾਓ-ਮੁਕਤ ਕਰਨ ਵਿਚ ਸਹਾਈ ਹੁੰਦੀ ਹੈ ।

(3) ਸਮਾਜਕ-ਚਰਚਾ ਮੁੱਲਵਾਨ ਸਾਧਨ ਪ੍ਰਦਾਨ ਕਰਦੀ ਹੈ ਜਿਸ ਰਾਹੀਂ ਸਿਖਲਾਈ ਹੁੰਦੀ ਹੈ ।

(4) ਅਜਿਹੀ ਸਮਾਜਕ ਚਰਚਾ ਸਿੱਖਿਆਰਥੀਆਂ ਨੂੰ ਇਕ ਭਾਸ਼ਾ ਦੀ ਸਿਖਲਾਈ ਤੋਂ ਵਿਚਲਿਤ ਕਰਦੀ ਹੈ ।

www.prepp.in



**116. ਭਾਸ਼ਾ ਦੀ ਪੜ੍ਹਾਈ ਵਿਸ ਦੀਆਂ ਮੁੱਢਲੀਆਂ ਧੁਨੀਆਂ ਅਤੇ ਉਨ੍ਹਾਂ ਦੇ ਮਿਸ਼ਰਨ ਦੀ ਬਜਾਇ ਸਧਾਰਨ ਵਾਕਾਂ ਤੋਂ ਸ਼ੁਰੂ ਹੁੰਦੀ ਹੈ। ਇਸ ਦਾ ਭਾਵ ਹੈ :**

(1) ਸੰਚਾਰ ਮੁਕੰਮਲ ਵਾਕਾਂ ਉਪਰ ਅਧਾਰਿਤ ਹੁੰਦਾ ਹੈ।

(2) ਉਚਾਰਨ ਦੀ ਭਾਸ਼ਾ ਦੀ ਗ੍ਰਹਿਣਸ਼ੀਲਤਾ ਵਿਚ ਕੋਈ ਥਾਂ ਨਹੀਂ ਹੈ।

(3) ਵਿਆਕਰਨ ਅਤੇ ਉਚਾਰਨ ਦੀ ਭਾਸ਼ਾ ਦੀ ਸਿਖਲਾਈ ਵਿਚ ਬਰਾਬਰ ਦੀ ਥਾਂ ਹੈ।

(4) ਵਿਆਕਰਨ ਸੰਚਾਰ ਦਾ ਇਕ ਮਹੱਤਵਪੂਰਨ ਅਧਾਰ ਹੈ।

**117. ਸੱਤਵੀਂ ਜਮਾਤ ਦਾ ਅਧਿਆਪਕ ਦ੍ਰਿਸ਼ਾ ਰਾਹੀਂ ਸਿੱਖਣ ਵਾਲੇ ਸਿਖਿਆਰਥੀਆਂ ਲਈ ਯੂਟਿਊਬ ਦੀ ਵਰਤੋਂ ਕਰਦਾ ਹੈ, ਸੁਣਨਸ਼ੀਲ ਸਿਖਿਆਰਥੀਆਂ ਲਈ ਸ੍ਰਵਣਮੂਲਕ ਰਿਕਾਰਡਿੰਗ ਦਾ ਇਸਤੇਮਾਲ ਕਰਦਾ ਹੈ ਅਤੇ ਗਤੀਬੋਧਕ (Kinesthetic) ਸਿਖਿਆਰਥੀਆਂ ਲਈ ਪ੍ਰਤੀਕ੍ਰਿਆਤਮਕ ਖੇਡਾਂ ਦੀ ਵਰਤੋਂ ਕਰਦਾ ਹੈ। ਸਮੁੱਚੇ ਮਲਟੀਮੀਡੀਆ ਦੀ ਵਰਤੋਂ ਰਾਹੀਂ ਅਧਿਆਪਕ ਸਿਖਿਆਰਥੀ ਦੀ ਕਿਹੜੀ ਲੋੜ ਪੂਰੀ ਕਰਦਾ ਹੈ :**

(1) ਭਾਸ਼ਾਈ ਭਿੰਨਤਾ ਦੀ

(2) ਸਿਖਿਆ-ਸ਼ੈਲੀਆਂ ਦੀ

(3) ਸਿੱਖਿਆ ਅਯੋਗਤਾਵਾਂ ਦੀ

(4) ਪ੍ਰਮਾਣਿਕ ਸਮਗਰੀ ਦੀ

**118. ਭਾਸ਼ਾ ਵਿਗਿਆਨੀਆਂ ਦੇ ਦ੍ਰਿਸ਼ਟੀਕੋਣ ਅਨੁਸਾਰ ਭਾਸ਼ਾ ਦੇ ਇਕ ਅਧਿਆਪਕ ਨੂੰ ਬੱਚਿਆਂ ਦੀਆਂ ਗ਼ਲਤੀਆਂ ਵੇਖਣੀਆਂ ਚਾਹੀਦੀਆਂ ਹਨ :**

(1) ਸਿੱਖਿਆ ਵਿਚ ਇਕ ਰੁਕਾਵਟ ਵਜੋਂ

(2) ਸਿੱਖਿਆ ਦਾ ਇਕ ਹਿੱਸਾ ਜੋ ਚਿੰਤਨ ਦੀ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ।

(3) ਗ਼ਲਤੀਆਂ ਦੇ ਦੁਹਰਾਣ ਨੂੰ ਰੋਕਣ ਲਈ ਗਲਤੀਆਂ ਦੀ ਧੱਕ-ਦੰਮ ਦਰੁਸਤੀ

(4) ਸਿਖਲਾਈ ਵਿਚ ਉਨ੍ਹਾਂ ਦੀ ਬੇਧਿਆਨੀ ਜਿਸ ਉੱਪਰ ਫੌਰੀ ਧਿਆਨ ਦੇਣਾ ਚਾਹੀਦਾ ਹੈ।

**119. ਗਹਿਨ ਸ਼੍ਰਵਣਤਾ (Intensive Listening) ਸੂਚਕ ਹੈ :**

(1) ਸਾਵਧਾਨੀ ਦੀ

(2) ਸਬਰ ਦੀ

(3) ਅਨੁਸ਼ਾਸਨ ਦੀ

(4) ਅਸਹਿਣਸ਼ੀਲਤਾ ਦੀ

**120. ਮੂਕ-ਪੜ੍ਹਤ ਰਾਹੀਂ ਸਿੱਖਿਆਰਥੀ ਹੇਠ ਲਿਖਿਆਂ ਵਿਚੋਂ ਕਿਸਨੂੰ ਸਭ ਤੋਂ ਘਟ ਗ੍ਰਹਿਣਕਰ ਸਕਦਾ ਹੈ :**

(1) ਸ਼ਬਦਾਵਲੀ

(2) ਵਿਆਕਰਨ

(3) ਬੋਲਣ-ਕਲਾ

(4) ਪੜ੍ਹਨ-ਕਲਾ

www.prepp.in



ਉਮੀਦਵਾਰ **ਭਾਗ-V** (ਪ੍ਰ.ਨੰ. **121-150**) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ** ਨੂੰ **ਭਾਸ਼ਾ–II** ਵਜੋਂ ਚੁਣਿਆ ਹੈ ।

Candidates should attempt the questions from **Part-V [Q.No. 121 – 150]**, if they have opted **PUNJABI** as **LANGUAGE – II** only.

www.prepp.in

Prepp
Your Personal Exams Guide



## ਭਾਗ – V
## ਭਾਸ਼ਾ – II
## ਪੰਜਾਬੀ

**ਉਮੀਦਵਾਰ ਭਾਗ-V (ਪ੍ਰ.ਨੰ. 121-150) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਨੂੰ ਭਾਸ਼ਾ-II ਵਜੋਂ ਚੁਣਿਆ ਹੈ ।**

**ਨਿਰਦੇਸ਼ : ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ (121 ਤੋਂ 128) ਦੇ ਢੁੱਕਵੇਂ ਵਿਕਲਪ ਅਨੁਸਾਰ ਉੱਤਰ ਦਿਓ :**

ਪੈਲ ਤਹਿਸੀਲ ਵਿਚ ਜਰਗ ਤਕੜਾ ਵੱਡਾ ਪਿੰਡ ਹੈ । ਆਸ ਪਾਸ ਦੇ ਲੋਕ ਜਰਗ–ਪੈਲ ਦਾ ਸਮਾਸ ਬਣਾ ਕੇ ਸ਼ਹਿਰ ਪੈਲ ਤੇ ਪਿੰਡ ਜਰਗ ਨੂੰ ਇਕੋ ਜਿਹੀ ਪ੍ਰਸਿੱਧੀ ਦਾ ਮਾਲਕ ਜਤਾਉ ਦੇ ਹਨ । ਪੈਲ ਤਹਿਸੀਲ ਤੇ ਕਸਬਾ ਹੋਣ ਕਰਕੇ ਪ੍ਰਸਿੱਧ ਹੈ ਤੇ ਜਰਗ ਇਸ ਕਰਕੇ ਕਿ ਇਥੇ ਭਾਰੀ ਮੇਲਾ ਲਗਦਾ ਹੈ । ਇਹ ਮੇਲਾ ਚੇਤ ਦੇ ਮਹੀਨੇ ਬਾਸੜੀਏ ਦਾ ਮੇਲਾ ਵੀ ਕਹਾਉਂਦਾ ਹੈ । ਬਾਸੜੀਏ ਦਾ ਅਰਥ ਹੈ 'ਬੇਹਾ–ਪਣ' । ਚੇਤ ਦੇ ਮੰਗਲਵਾਰ ਦੀ ਸਵੇਰ ਤੋਂ ਇਕ ਦਿਨ ਪਹਿਲਾਂ ਗੁਲਗੁਲੇ ਪਕਾਏ ਜਾਂਦੇ ਹਨ, ਰਾਤ ਨੂੰ ਸੁੱਚੇ ਰੱਖ ਕੇ ਦੂਜੇ ਦਿਨ ਬੇਹੇ ਹੋ ਜਾਣ ਤੇ ਮਾਤਾ ਰਾਣੀ ਦੀ ਪੂਜਾ ਕਰ ਕੇ ਪਹਿਲਾ ਗਧੇ ਨੂੰ ਖੁਆ ਕੇ ਖਾਧੇ ਜਾਂਦੇ ਹਨ । ਇਉਂ ਗੁਲਗੁਲੇ ਬੇਹੇ ਕਰ ਕੇ ਖਾਣ ਤੋਂ ਬਾਹਿੜੀਆਂ ਜਾਂ ਬਾਸੜੀਆਂ ਲਫਜ਼ ਬਣਿਆ ਮਲੂਮ ਹੁੰਦਾ ਹੈ । ਇਹ ਤਿਉਹਾਰ ਮਾਲਵੇ, ਖਾਸ ਕਰ ਕੇ ਪੁਆਧ ਦੇ ਹਰ ਪਿੰਡ ਵਿਚ ਮਨਾਇਆ ਜਾਂਦਾ ਹੈ । ਜਿਸ ਘਰ ਦੇ ਕਿਸੇ ਜੀ ਦੇ ਮਾਤਾ ਨਿਕਲੀ ਹੋਵੇ ਉਸ ਵੱਲੋਂ ਤਾਂ ਇਸ ਦਿਨ ਮਾਤਾ ਰਾਣੀ ਦੀ ਸੁੱਖਣਾ ਚੜ੍ਹਾਉਣੀ ਪੱਕੀ ਪਿਰਤ ਹੈ ਹੀ, ਜਿਸ ਘਰ ਮਾਤਾ ਨਾ ਨਿਕਲੀ ਹੋਵੇ ਉਹ ਮਾਤਾ ਰਾਣੀ ਨੂੰ ਖੁਸ਼ ਕਰਨ ਲਈ, ਕਿ ਸਾਡੇ ਕਿਸੇ ਜੀ ਦੇ ਨਾ ਨਿਕਲੇ, ਅੱਗੋਂ ਹੀ ਬਾਂਨ੍ਹਣੂ ਬੰਨ੍ਹ ਲੈਣਾ ਸਮਝਦੇ ਹਨ ।

121. ਕਿਸ ਮੇਲੇ ਦਾ ਦੂਸਰਾ ਨਾਂ ਬਾਸੜੀਏ ਦਾ ਮੇਲਾ ਵੀ ਹੈ ?
   (1) ਗੁੱਗਾ ਮਾੜੀ ਦਾ ਮੇਲਾ
   (2) ਛਪਾਰ ਦਾ ਮੇਲਾ
   (3) ਜਗਰਾਵਾਂ ਦੀ ਰੌਸ਼ਨੀ
   (4) ਜਰਗ ਦਾ ਮੇਲਾ

122. ਬਾਸੜੀਏ ਦਾ ਅਰਥ ਹੈ :
   (1) ਬਾਂਸਾਂ ਦਾ ਜੋੜ–ਮੇਲ
   (2) ਬੇਹਾਪਣ
   (3) ਦੁਰਗੰਧ ਪੂਰਨ
   (4) ਸੁਗੰਧ ਭਰਪੂਰ

123. ਬਾਸੜੀਏ ਦਾ ਤਿਉਹਾਰ ਪੰਜਾਬ ਦੇ ਖ਼ਾਸਕਰ ਕਿਸ ਖਿੱਤੇ ਵਿਚ ਮਨਾਇਆ ਜਾਂਦਾ ਹੈ ?
   (1) ਪੁਆਧ
   (2) ਦੁਆਬਾ
   (3) ਮਾਝਾ
   (4) ਬਹਾਵਲਪੁਰ

www.prepp.in



124. ਗੁਲਗਲਿਆਂ ਦਾ ਭੋਗ ਪਹਿਲਾਂ ਕਿਸਨੂੰ ਲਗਵਾਇਆ ਜਾਂਦਾ ਹੈ ?

(1) ਮਾਤਾ ਰਾਵੀ ਨੂੰ

(2) ਛੋਟੇ ਬੱਚਿਆਂ ਨੂੰ

(3) ਗਧੇ ਨੂੰ

(4) ਜਿਸ ਬੱਚੇ ਨੂੰ ਮਾਤਾ ਨਿਕਲੀ ਹੋਵੇ

125. 'ਪੈਲ ਤਹਿਸੀਲ ਵਿਚ ਜਰਗ ਤਕੜਾ ਵੱਡਾ ਪਿੰਡ ਹੈ ।' ਵਾਕ ਵਿਚ 'ਤਹਿਸੀਲ' ਹੈ :

(1) ਖਾਸ ਨਾਂਵ

(2) ਆਮ ਨਾਂਵ

(3) ਵਸਤ ਵਾਚਕ ਨਾਂਵ

(4) ਇਕੱਠਵਾਚਕ ਨਾਂਵ

126. ਚੇਤ ਦੇ ਮੰਗਲਵਾਰ ਦੀ ਸਵੇਰ ਤੋਂ ਇਕ ਦਿਨ ਪਹਿਲਾਂ ਗੁਲਗੁਲੇ ਪਕਾਏ ਜਾਂਦੇ ਹਨ । ਵਾਕ ਵਿਚ 'ਸਵੇਰ ਗੁਲਗੁਲੇ ਅਤੇ ਪਕਾਏ' ਸ਼ਬਦਾਂ ਦੀ ਕ੍ਰਮਵਾਰ ਵਿਆਕਰਨਕ ਪਛਾਣ ਹੈ :

(1) ਨਾਂਵ + ਨਾਂਵ + ਵਿਸ਼ੇਸਣ

(2) ਵਿਸ਼ੇਸਣ + ਨਾਂਵ + ਨਾਂਵ

(3) ਨਾਂਵ + ਕਿਰਿਆ ਵਿਸ਼ੇਸਣ + ਕਿਰਿਆ

(4) ਨਾਂਵ + ਨਾਂਵ + ਕਿਰਿਆ

127. 'ਇਸ ਦਿਨ ਮਾਤਾ ਰਾਣੀ ਦੀ ਸੁੱਖਣਾ ਰੜ੍ਹਾਉਣੀ ਪੱਕੀ ਪਿਰਤ ਹੈ ।' ਵਾਕ ਵਿਚ 'ਸੁੱਖਣਾ' ਸ਼ਬਦ ਦੀ ਵਿਆਕਰਨਕ ਪਛਾਣ ਹੈ :

(1) ਪੜਨਾਂਵ

(2) ਨਾਂਵ

(3) ਵਿਸ਼ੇਸ਼ਣ

(4) ਕਿਰਦੰਤ

128. ਜਰਗ-ਪੈਲ ਦਾ ਸਮਾਸ ਵਰਤਿਆ ਜਾਂਦਾ ਹੈ :

(1) ਪਿੰਡਾਂ ਤੇ ਸ਼ਹਿਰਾਂ ਦੇ ਸੁਮੇਲ ਲਈ

(2) ਪੈਲ ਸ਼ਹਿਰ ਅਤੇ ਜਰਗ ਨਾਂ ਦੇ ਪਿੰਡ ਦੀ ਸਹਿ ਹੋਂਦ ਲਈ

(3) ਕਿਉਂਕਿ ਲੋਕਾਂ ਵਿਚ ਮਾਨਤਾ ਹੈ ਕਿ ਦੋਹਾਂ ਦਾ ਨਾਂ ਇਕੱਠਾ ਬੋਲਣ ਨਾਲ ਬਿਮਾਰੀਆਂ ਨਹੀਂ ਲਗਦੀਆਂ

(4) ਕਿਉਂਕਿ ਇਥੇ ਜਰਗ ਅਤੇ ਛਪਾਰ ਦਾ ਮੇਲਾ ਲੱਗਦਾ ਹੈ

www.prepp.in



**ਨਿਰਦੇਸ਼ : ਹੇਠ ਦਿੱਤੇ ਪੈਰੇ ਨੂੰ ਪੜ੍ਹਕੇ ਦਿੱਤੇ ਗਏ ਪ੍ਰਸ਼ਨਾਂ (129 ਤੋਂ 135) ਦੇ ਢੁੱਕਵੇਂ ਵਿਕਲਪ ਨੁਸਾਰ ਉੱਤਰ ਦਿਓ :**

ਗੰਗਾ ਦੀਨ ਆਪ ਬਹੁਤ ਮਧਰਾ ਸੀ । ਉਸ ਦਾ ਚਿਹਰਾ ਮੁਹਰਾ ਉਸ ਦੇ ਆਪਣੇ ਬਣਾਏ ਬੂਟਾਂ ਵਰਗਾ ਸਾਫ਼ ਸੀ । ਉਸ ਉਤੇ ਕੋਈ ਦਿਖਾਵਾ ਜਾਂ ਹੋਛਾਪਣ ਨਹੀਂ ਸੀ । ਉਸ ਦੇ ਸਿਰ ਤੇ ਦਾੜ੍ਹੀ ਦੇ ਵਾਲ ਭੂਰੇ ਹੋ ਚੁੱਕੇ ਸਨ । ਪਰ ਉਸ ਦੀ ਅਵਾਜ਼ ਬੜੀ ਸਾਫ਼ ਸੀ । ਉਹ ਬੜੇ ਠਰ੍ਹੰਮੇ ਵਾਲਾ ਸੀ ਤੇ ਸਭ ਕੰਮ ਠੰਢੇ ਦਿਲ ਨਾਲ ਕਰਦਾ ਸੀ । ਉਸ ਦੀਆਂ ਅੱਖਾਂ ਵਿਚ ਚਮਕ ਸੀ, ਜੋ ਦੱਸਦੀ ਸੀ ਕਿ ਇਨ੍ਹਾਂ ਅੱਖਾਂ ਦਾ ਮਾਲਕ ਹਰ ਇਕ ਕੰਮ ਨਮੂਨੇ ਦਾ ਕਰਦਾ ਹੈ, ਆਪਣੀ ਸਾਰੀ ਵਾਹ ਲਾ ਕੇ ਕਰਦਾ ਹੈ ਅਤੇ ਆਪਣੇ ਦਿਲ ਦੇ ਪੂਰੇ ਚਾਉ ਨਾਲ ਕਰਦਾ ਹੈ । ਉਸ ਦਾ ਵੱਡਾ ਭਰਾ ਭਾਵੇਂ ਰਤਾ ਪਿਲੱਤਣ ਉਤੇ ਸੀ ਤੇ ਕੁੱਬਾ ਵੀ ਸੀ, ਪਰ ਉਹ ਗੰਗਾ ਦੀਨ ਨਾਲ ਏਨਾ ਰਲਦਾ ਸੀ ਕਿ ਮੈਨੂੰ ਕਈ ਵਾਰ ਪਤਾ ਹੀ ਨਹੀਂ ਸੀ ਲਗਦਾ ਕਿ ਮੈਂ ਉਨ੍ਹਾਂ ਵਿਚੋਂ ਕਿਸ ਨਾਲ ਗੱਲਾਂ ਕਰ ਰਿਹਾ ਹਾਂ । ਫੇਰ ਵੀ ਇਕ ਨਿਸ਼ਾਨੀ ਮੈਨੂੰ ਲੱਭੀ ਹੋਈ ਸੀ । ਜੇ ਤਾਂ ਮੇਰੇ ਨਾਲ ਗੱਲਾਂ ਕਰਨ ਵਾਲਾ ਕਹਿੰਦਾ ਕਿ ਮੈਂ ਭਰਾ ਨੂੰ ਪੁੱਛਾਂਗਾ ਤਾਂ ਮੈਂ ਸਮਝ ਲੈਂਦਾ ਕਿ ਇਹ ਵੱਡਾ ਭਰਾ ਹੈ; ਜੇ ਉਹ ਇਹ ਨਾ ਕਹਿੰਦਾ ਤਾਂ ਗੰਗਾ ਦੀਨ ਹੁੰਦਾ ।

**129. ਗੰਗਾਦੀਨ ਦੀਆਂ ਅੱਖਾਂ ਦੀ ਚਮਕ ਸਪਸ਼ਟ ਕਰਦੀ ਹੈ :**

(1) ਉਹ ਲਾਲਚੀ ਆਦਮੀ ਸੀ ।

(2) ਉਹ ਬੇਮਿਸਾਲ ਕੰਮ ਕਰਨ ਵਾਲਾ ਸੀ ।

(3) ਉਹ ਹਮੇਸ਼ਾਂ ਦੁਖੀ ਰਹਿੰਦਾ ਸੀ ।

(4) ਆਪਣੇ ਭਰਾ ਨੂੰ ਵੇਖ ਕੇ ਉਸ ਨੂੰ ਚਾਅ ਚੜ੍ਹਾ ਜਾਂਦਾ ਸੀ ।

**130. ਗੰਗਾਦੀਨ ਦੀ ਸ਼ਕਲ ਕਿਸ ਨਾਲ ਬਹੁਤ ਮਿਲਦੀ ਸੀ ?**

(1) ਆਪਣੇ ਵੱਡੇ ਭਰਾ ਨਾਲ

(2) ਆਪਣੇ ਛੋਟੇ ਭਰਾ ਨਾਲ

(3) ਆਪਣੇ ਪਿਤਾ ਨਾਲ

(4) ਆਪਣੇ ਪੁੱਤਰ ਨਾਲ

**131. ਗੰਗਾਦੀਨ ਦਾ ਭਰਾ ਕਿਹੋ ਜਿਹਾ ਦਿਸਦਾ ਸੀ ?**

(1) ਅੱਖੋਂ ਕਾਣਾ ਅਤੇ ਜਰਦ ਚਿਹਰਾ

(2) ਕੁੱਬਾ ਅਤੇ ਸੁਚਾ ਚਿਹਰਾ

(3) ਲੰਗੜਾ ਅਤੇ ਜ਼ਰਦ ਚਿਹਰਾ

(4) ਕੁੱਬਾ ਅਤੇ ਪਿਲੱਤਣ ਚਿਹਰਾ

**132. ਗੰਗਾਦੀਨ ਦੇ ਭਰਾ ਦੀ ਪਛਾਣ ਦੀ ਅਧਾਰ ਲੇਖਕ ਕੀ ਦੱਸਦਾ ਹੈ ?**

(1) ਅੱਖਾਂ ਵਿੱਚ ਚਮਕਦਾ ਹੋਣਾ

(2) ਵਾਲ ਭੂਰੇ ਹੋਣਾ

(3) ਉਸ ਦਾ ਤਕੀਆ ਕਲਾਮ

(4) ਸੁਭਾਅ ਵਿਚ ਠਰ੍ਹੰਮਾ ਹੋਣਾ

www.prepp.in
Prepp Your Personal Exams Guide



**133. ਉਹ ਸਭ ਕੰਮ ਠਰ੍ਹਮੇ ਨਾਲ ਕਰਦਾ ਸੀ । ਵਾਕ ਵਿਚ 'ਸੀ' ਹੈ :**

(1) ਕਿਰਿਆ ਦਾ ਕਾਲ–ਬੋਧਕ ਅੰਸ

(2) ਮੁੱਖ ਕਿਰਿਆ

(3) ਕਿਰਿਆ ਵਾਕੰਸ਼

(4) ਕਿਰਦੰਤ

**134. ਉਸ ਦੀਆਂ ਅੱਖਾਂ ਵਿਚ ਚਮਕ ਸੀ । ਵਾਕ ਵਿਚ 'ਉਸ' ਹੈ :**

(1) ਵਿਸ਼ੇਸ਼ਣ

(2) ਪੜਨਾਂਵ

(3) ਕਰਮ ਬੋਧਕ ਨਾਂਵ

(4) ਕਰਤਾ ਬੋਧਕ ਨਾਂਵ

**135. ਗੰਗਾਦੀਨ ਦੀ ਦਿਖ ਕਿਹੋ ਜਿਹੀ ਸੀ ?**

(1) ਛੋਟੇ ਕੱਦ ਦਾ ਅਤੇ ਸੰਘਣੇ ਵਾਲਾਂ ਵਾਲਾ

(2) ਮਧਰਾ ਅਤੇ ਕਾਲੇ ਵਾਲਾਂ ਵਾਲਾ

(3) ਛੋਟੇ ਕੱਦ ਦਾ ਅਤੇ ਭੂਰੇ ਵਾਲਾਂ ਵਾਲਾ

(4) ਲੰਮਾ ਅਤੇ ਭੂਰੇ ਵਾਲਾਂ ਵਾਲਾ

**136. ਇਕ ਵਿਸਤ੍ਰਿਤ ਪੜ੍ਹਤ ਬੱਚਿਆਂ ਦੀ ਰੁਚੀ ਕਿਸ ਵਲ ਵਧਾਉਂਦੀ ਹੈ ?**


(1) ਅਣਪਛਾਤੇ ਸ਼ਬਦਾਂ ਦੇ ਅਰਥ ਲੱਭਣ ਵੱਲ

(2) ਪਾਠ ਵਿਚ ਵਰਤੀਆਂ ਗਈਆਂ ਵਿਆਕਰਣਕ ਮੱਦਾਂ ਦੀ ਵਰਤੋਂ ਵੱਲ

(3) ਕਵਿਤਾ ਪਾਠ ਵੱਲ

(4) ਅਨੰਦ ਮਾਨਣ ਲਈ ਪਾਠ ਦੀ ਪੜ੍ਹਤ ਵੱਲ

**137. ਇਕ ਅਧਿਆਪਕ 'ਲੇਹ' ਬਾਰੇ ਇਕ ਅਧਿਆਇ ਦੀ ਸ਼ੁਰੂਆਤ ਕਰਦਾ ਹੈ । ਸ਼ੁਰੂ ਕਰਨ ਤੋਂ ਪਹਿਲਾਂ ਉਹ 'ਲੇਹ' ਬਾਰੇ ਬਲੈਕ-ਬੋਰਡ ਉੱਪਰ ਇਕ ਚਿੱਤਰ ਬਣਾਉਂਦਿਆਂ ਚਰਚਾ ਦਾ ਅਰੰਭ ਕਰਦਾ ਹੈ**




**ਅਧਿਆਪਨ ਰਾਹੀਂ ਬਲੈਕ-ਬੋਰਡ ਉੱਪਰ ਬਣਾਇਆ ਚਿੱਤਰ ਹੈ :**

(1) ਸਟੇਟ ਮੈਪ

(2) ਕੰਸੈਪਟ ਮੈਪ

(3) ਥੀਮੈਟਿਕ ਮੈਪ

(4) ਮੈਪਿੰਗ ਡਿਵਾਈਸ

prepp Your Personal Exams Guide

**138. ਬੱਚੇ ਉਸ ਸਮੇਂ ਅਸਰਦਾਰ ਢੰਗ ਨਾਲ ਲਿਖਣਾ ਸਿੱਖਣਗੇ ਜਦੋਂ :**

(1) ਕੋਈ ਲਿਖਤ ਅਧਿਆਪਕ ਵਲੋਂ ਵਿਦਿਆਰਥੀਆਂ ਨੂੰ ਬੋਲ ਕੇ ਲਿਖਾਈ ਜਾਂਦੀ ਹੈ ।

(2) ਕੋਈ ਲਿਖਤ ਵਿਦਿਆਰਥੀਆਂ ਦੇਂ ਸੰਦਰਭ ਅਤੇ ਆਸ਼ੇ ਨਾਲ ਸੰਬੰਧਿਤ ਹੁੰਦੀ ਹੈ ।

(3) ਕੋਈ ਲਿਖਤ ਅਧਿਆਪਕ ਦੇ ਸੰਦਰਭ ਅਤੇ ਸਭਿਆਚਾਰ ਨਾਲ ਸੰਬੰਧਿਤ ਹੁੰਦੀ ਹੈ ।

(4) ਕਿਸੇ ਲਿਖਤ ਦਾ ਬੋਲ ਅਤੇ ਉਸਦੇ ਲਿਖਤੀ ਰੂਪ ਵਿਚਕਾਰ ਸੰਪਰਕ ਹੁੰਦਾ ਹੈ ।

**139. ਹੇਠ ਲਿਖਿਆਂ ਵਿਚੋਂ ਕਿਹੜਾ 'ਪ੍ਰੋਡਕਟ ਅਪ੍ਰੋਚ' (product approach) ਦਾ ਸਿੱਟਾ ਨਹੀਂ ਹੈ ?**

(1) ਇਹ ਅਤਿਅੰਤ ਅਧਿਆਪਕ ਕੇਂਦ੍ਰਿਤ ਹੁੰਦੀ ਹੈ ।

(2) ਇਹ ਵਿਵਹਾਰਿਕ ਮਾਡਲ 'ਤੇ ਅਧਾਰਿਤ ਹੁੰਦੀ ਹੈ ।

(3) ਇਹ ਤਿਆਰ ਉਤਪਾਦ 'ਤੇ ਕੇਂਦਰਿਤ ਹੁੰਦੀ ਹੈ ।

(4) ਇਹ ਵਿਚਾਰਾਂ ਦੀ ਪੈਦਾਵਾਰ ਅਤੇ ਕਿਸਮ 'ਤੇ ਕੇਂਦਰਿਤ ਹੁੰਦੀ ਹੈ ।

**140. ਪ੍ਰੋਸੈਸ ਅਪ੍ਰੋਚ (Process Approach) ਦੇ ਮੱਦੇਨਜ਼ਰ ਲਿਖਤੀ ਕਾਰਜ ਦੀ ਸ਼ੁਰੂਆਤ ਕਰਦਿਆਂ ਹੇਠ ਲਿਖਿਆਂ ਵਿਚੋਂ ਕਿਹੜਾ ਇਕ ਅਧਿਆਪਕ ਨੂੰ ਨਹੀਂ ਵਰਤਣਾ ਚਾਹੀਦਾ ?**

(1) ਦਿਮਾਗ਼ੀ ਉਕਸਾਹਟ (Brain Storming)

(2) ਨੋਟਸ ਲਿਖਵਾਉਣਾ

(3) ਖਾਕਾ ਤਿਆਰ ਕਰਨਾ (Drafting)

(4) ਪ੍ਰੂਫ਼–ਰੀਡਿੰਗ

**141. ਅਭਿਨੈਕਾਰੀ (Role Play) ਹਰੇਕ ਭਾਸ਼ਾ–ਜਮਾਤ ਦਾ ਇਕ ਅਭਿੰਨ ਅੰਗ ਹੋਣੀ ਚਾਹੀਦੀ ਹੈ, ਕਿਉਂਕਿ :**

(1) ਇਹ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਗੱਲਾਂ ਕਰਨ ਦੇ ਯੋਗ ਬਣਾਉਂਦੀ ਹੈ ।

(2) ਇਹ ਇਕ ਜਮਾਤ ਦੇ ਅਸਰਦਾਰ ਪ੍ਰਬੰਧਕੀ ਨੀਤੀ ਹੈ ।

(3) ਇਹ ਵਿਦਿਆਰਥੀਆਂ ਨੂੰ ਕਹਾਣੀ ਯਾਦ ਕਰਨ ਦੇ ਯੋਗ ਬਣਾਉਂਦੀ ਹੈ ।

(4) ਇਹ ਵਿਦਿਆਰਥੀਆਂ ਨੂੰ ਅਰਥ ਭਰਪੂਰ ਭਾਸ਼ਾਈ ਗੱਲਬਾਤ ਵਿਚ ਰੁਝਿਆ ਰੱਖਣ ਦੇ ਯੋਗ ਬਣਾਉਂਦੀ ਹੈ ।

www.prepp.in



**142. ਜਦੋਂ ਤੁਸੀਂ ਕਿਸੇ ਬੱਚੇ ਨੂੰ ਦਿੱਤੇ ਹੋਏ ਥੀਮ / ਸਿਰਲੇਖ ਉੱਪਰ ਇਕ ਛੋਟੀ ਕਵਿਤਾ ਰਚਣ ਲਈ ਕਹਿੰਦੇ ਹੋ, ਤਾਂ ਉਹ ______ ਦੀ ਵਰਤੋਂ ਕਰਦੇ ਹਨ :**

(1) ਰਚਨਾਤਮਕ ਚਿੰਤਨ

(2) ਪ੍ਰਭਾਵਸ਼ਾਲੀ ਚਿੰਤਨ (Emphathetic Thinking)

(3) ਭਾਵਨਾਤਮਕ ਚਿੰਤਨ (Sympathetic Thinking)

(4) ਸੰਸਕ੍ਰਿਤਕ ਚਿੰਤਨ

**143. ਵਿਦਿਆਰਥੀਆਂ ਨੂੰ ਇਕ ਚੰਗਾ ਪਾਠਕ ਬਣਾਉਣ ਲਈ ਸ਼ਬਦ-ਭੰਡਾਰ ਦਾ ਵਿਕਾਸ ਇਕ ਮਹੱਤਵਪੂਰਨ ਪੱਖ ਹੈ । ਹੇਠ ਲਿਖਿਆਂ ਵਿਚੋਂ ਸ਼ਬਦ-ਭੰਡਾਰ ਵਿਕਸਤ ਕਰਨ ਲਈ ਕਿਹੜੀ ਇਕ ਚੰਗੀ ਯੋਜਨਾ ਹੋ ਸਕਦੀ ਹੈ ?**

(1) ਸਮਾਨਾਰਥੀ ਅਤੇ ਵਿਰੋਧੀ ਸ਼ਬਦਾਂ ਦੀ ਵਿਆਪਕ ਸੂਚੀ ਵਿਦਿਆਰਥੀਆਂ ਵਲੋਂ ਯਾਦ ਕਰਨੀ ।

(2) ਇਕ ਨਵਾਂ ਸ਼ਬਦ ਸਾਹਮਣੇ ਆਉਣ 'ਤੇ ਵਿਦਿਆਰਥੀਆਂ ਵਲੋਂ ਸ਼ਬਦ-ਕੋਸ਼ ਤੋਂ ਸਹਾਇਤਾ ਲੈਣੀ ।

(3) ਵਿਦਿਆਰਥੀਆਂ ਵਲੋਂ ਇਕ ਪਾਠ ਦੇ ਔਖੇ ਸ਼ਬਦਾਂ ਨੂੰ ਰੇਖਾਂਕਿਤ ਕਰਕੇ ਉਨ੍ਹਾਂ ਦੇ ਵਾਕ ਬਣਾਉਣੇ ।

(4) ਵਿਦਿਆਰਥੀਆਂ ਵਲੋਂ ਸੰਦਰਭ ਅਨੁਸਾਰ ਨਵੇਂ ਸ਼ਬਦਾਂ ਦੇ ਅਰਥਾਂ ਦਾ ਅਨੁਮਾਨ ਲਗਾਉਣਾ ਸਿੱਖਣਾ ।

**144. ਇਕ ਅਧਿਆਪਕ ਕਿਸੇ ਬੱਚੇ ਦੀ ਜ਼ਿੰਦਗੀ ਦੀਆਂ ਕੁਝ ਪ੍ਰਮੁੱਖ ਘਟਨਾਵਾਂ ਨੂੰ ਭਾਂਪ ਕੇ ਇਕ ਬਿਰਤਾਂਤਕ ਵੇਰਵਾ ਲਿਖਦਾ ਹੈ, ਇਸ ਨੂੰ ______ ਕਿਹਾ ਜਾਵੇਗਾ :**

(1) ਰੁਬਰਿਕਸ (Rubrics)

(2) ਪੋਰਟ ਫੋਲੀਓ (Portfolio)

(3) ਔਬਜ਼ਰਵੇਸ਼ਨ (Observation)

(4) ਐਨਿਕਡੋਟਲ ਰਿਕਾਰਡ (Anecdotal Record)

**145. ਹੇਠ ਲਿਖਿਆਂ ਵਿਚੋ ਕਿਹੜੀ ਇਕ ਸਫ਼ਲ ਬੋਲ-ਅਭਿਆਸ (Speaking Activity) ਦੀ ਵਿਸ਼ੇਸ਼ਤਾ ਹੈ ?**

(1) ਬੱਚਿਆਂ ਦੀ ਅਨਿਯਮਿਤ ਸਹਿਭਾਗਿਤਾ ।

(2) ਇਕ ਅਭਿਆਸ ਜਿਸ ਵਿਚ ਬੱਚਿਆਂ ਨੂੰ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕਰਨਾ ।

(3) ਬੱਚੇ ਸਿਰਫ ਲਖਸ਼ਿਤ ਭਾਸ਼ਾ ਵਿਚ ਹੀ ਗੱਲਬਾਤ ਕਰਦੇ ਹਨ ।

(4) ਇਕ ਅਸਰਦਾਰ ਜਮਾਤ ਦੇ ਪ੍ਰਬੰਧਨ ਲਈ ਕਮਜ਼ੋਰ ਬੱਚਿਆਂ ਨੂੰ ਵਧੇਰੇ ਗੱਲਬਾਤ ਦੀ ਆਗਿਆ ਦੇਣੀ ।

**146. ਵਿਓਗੋਸਕੀ (Vygotsky) ਅਨੁਸਾਰ ਇਕ ਭਾਸ਼ਾ ਸਿੱਖਣ ਲਈ ______ ਸਭ ਤੋਂ ਵੱਧ ਜ਼ਰੂਰੀ ਹੈ :**

(1) ਸਮਾਜਕ ਵਿਚਾਰ-ਵਟਾਂਦਰਾ

(2) ਪਾਠ ਪੁਸਤਕ

(3) ਰੇਡੀਓ

(4) ਸ਼ਬਦ ਕੋਸ਼

www.prepp.in



147. ਬੋਲ–ਕੌਸ਼ਲ ਦੇ ਅਭਿਆਸ ਲਈ ਕਿਹੜਾ ਕਾਰਜ ਸਭ ਤੋਂ ਵਧ ਸਹਾਇਕ ਹੈ ?

(1) ਵਿਦਿਆਰਥੀਆਂ ਵਲੋ ਕਿਸੇ ਸਿਰਲੇਖ ਉੱਪਰ ਇਕ ਛੋਟੀ ਅਤੇ ਵਿਵਸਥਿਤ ਪੇਸ਼ਕਾਰੀ ਕਰਨੀ ।

(2) ਅਧਿਆਪਕ ਵਲੋਂ ਉਨ੍ਹਾਂ ਨੂੰ ਇਕ ਉਦੇਸ਼ਪੂਰਕ ਨਿਰਦੇਸ਼ ਦੇਣਾ ।

(3) ਵਿਦਿਰਥੀਆਂ ਦਾ ਉਨ੍ਹਾਂ ਨੂੰ ਦਿੱਤੇ ਗਏ ਸੰਕੇਤਾਂ ਦੇ ਅਧਾਰ 'ਤੇ ਇਕ ਕਹਾਣੀ ਬਾਰੇ ਬਿਆਨ ਦੇਣਾ ।

(4) ਵਿਦਿਆਰਥੀਆਂ ਵਲੋਂ ਇਕ ਚੰਗੀ ਪ੍ਰੋਜੇਕਟ–ਰਿਪੋਰਟ ਤਿਆਰ ਕਰਨੀ ।

148. ਪਾਠ ਦੀ ਕਿਹੜੀ ਪੱਧਰ ਵਿਦਿਆਰਥੀਆਂ ਦੇ ਪੂਰਬਲੇ ਗਿਆਨ ਨੂੰ ਉਨ੍ਹਾਂ ਦੇ ਗਿਆਨ ਅਤੇ ਜਮਾਤ ਤੋਂ ਬਾਹਰੀ ਸੰਸਾਰ ਨਾਲ ਜੋੜਨ ਦੇ ਯੋਗ ਬਣਾਉਂਦੀ ਹੈ ?

(1) ਪ੍ਰੀ–ਰੀਡਿੰਗ (Pre-Reading)

(2) ਵਾਈਲ–ਰੀਡਿੰਗ (While Reading)

(3) ਬਿਫੋਰ–ਰੀਡਿੰਗ (Before Reading)

(4) ਪੋਸਟ–ਰੀਡਿੰਗ (Post Reading)

149. ਭਾਸ਼ਾ ਸ਼ਾਸਤ੍ਰੀਆਂ ਅਨੁਸਾਰ ਬੱਚੇ ਉਸ ਸਮੇਂ ਅਸਰਦਾਰ ਢੰਗ ਨਾਲ ਭਾਸ਼ਾ ਸਿੱਖਦੇ ਹਨ ਜਦੋ :

(1) ਅਧਿਆਪਕ ਰਾਹੀਂ ਜਮਾਤ ਕਾਬੂ ਹੇਠ ਕੀਤੀ ਜਾਂਦੀ ਹੈ ਅਤੇ ਉਹ ਬੱਚਿਆਂ ਦੀ ਘਟ ਹੀ ਪਰਵਾਹ ਕਰਦਾ ਹੈ ।

(2) ਅਧਿਆਪਕ ਬੱਚਿਆਂ ਨੂੰ ਵਿਆਕਰਨ ਦੇ ਕੰਮ ਯਾਦ ਕਰਨ ਲਈ ਉਤਸਾਹਿਤ ਕਰਦਾ ਹੈ ।

(3) ਬੱਚੇ ਬਲੈਕ–ਬੋਰਡ ਤੋਂ ਸਾਫ਼–ਸੁਥਰੇ ਢੰਗ ਨਾਲ ਉੱਤਰ ਉਤਾਰਦੇ ਹਨ ।

(4) ਅਧਿਆਪਕ ਬੱਚਿਆਂ ਨੂੰ ਵੱਖੋ–ਵਖਰੀਆਂ ਕਲਾਵਾਂ ਦੇ ਅਧਾਰ 'ਤੇ ਕਾਰਨਾਂ ਵਿਚ ਹਿੱਸਾ ਲੈਣ ਲਾਈ ਉਤਸਾਹਿਤ ਕਰਦਾ ਹੈ ।

150. ਇਕ ਚੰਗਾ ਸ੍ਰੋਤਾ ਉਹ ਹੁੰਦਾ ਹੈ

(1) ਜਿਸਨੂੰ ਸਬਦ ਦਾ ਬੋਲਣ–ਢੰਗ ਪਤਾ ਹੋਵੇ

(2) ਜੋ ਇਹ ਪਛਾਣਦਾ ਹੋਵੇ ਕਿ ਇਕਾਗਰਤਾ ਨੂੰ ਕਿਵੇਂ ਵਰਤਣਾ ਹੈ ।

(3) ਜੋ ਪੁੱਛੇ ਗਏ ਸਵਾਲ ਦਾ ਸਹੀ ਢੰਗ ਨਾਲ ਉੱਤਰ ਦੇ ਸਕੇ ।

(4) ਜੋ ਹਰ ਸ਼ਬਦ ਦਾ ਸਹੀ ਢੰਗ ਨਾਲ ਉਚਾਰਨ ਕਰਦਾ ਹੋਵੇ ।

www.prepp.in

Prepp
Your Personal Exams Guide



**SPACE FOR ROUGH WORK**

Prepp Your Personal Exam Guide

www.prepp.in

Prepp Your Personal Exams Guide



**ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :**

1. ਵੱਖੋ-ਵੱਖਰੇ ਪ੍ਰਸ਼ਨਾ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸੱਟ ਬੁਕਲਿਟ ਵਿਚ ਵਿਸਤਾਰਪੂਰਵਕ ਦਿੱਤੇ ਗਏ ਹਨ। ਅਮਲੀ ਰੂਪ ਵਿਚ ਪ੍ਰਸ਼ਨਾ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ-ਪੁਸਤਿਕਾ ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ ।
6. ਮਸ਼ੀਨ OMR ਸ਼ੀਟ ਵਿਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਵੀ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ (ਇਥੋਂ ਤਕ ਕਿ ਬੰਦ ਹਾਲਤ ਵਿਚ ਵੀ) ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦੇਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿਚ ਇਸ ਨੂੰ ਇਮਿਤਿਹਾਨ ਵਿਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆਂ ਜਾਵੇਗਾ ਤੇ ਪ੍ਰੀਖਿਆ ਰਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ ।
10. ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ। ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ-ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ ।
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੁਲੇਟਰ ਦਾ ਇਸਤੇਮਾਲ ਵਰਜਿਤ ਹੈ ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ। ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

www.prepp.in

Prepp
Your Personal Exams Guide



**निम्नलिखित निर्देशों को ध्यान से पढ़ें :**

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें ।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **काले/नीले बॉल पॉइन्ट पेन** से भरें । एक बार उत्तर अंकित करने के बाद उसे बदला नहीं जा सकता है ।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें ।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
5. परीक्षा पुस्तिका / उत्तर पत्र में दिए गए परीक्षा पुस्तिका संकेत व संख्या को परीक्षार्थी सही तरीके से हाज़िरी-पत्र में लिखें ।
6. OMR उत्तर पत्र में कोडित जानकारी को एक मशीन पढ़ेगी । इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए ।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
8. मोबाइल फोन, बेतार संचार युक्तियाँ (स्वीच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए । इस सूचना का पालन न होने पर इसे परीक्षा में अनुचित साधनों का प्रयोग माना जाएगा और उनके विरुद्ध कार्यवाही की जाएगी, परीक्षा रद्द करने सहित ।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
11. कार्यरत निरीक्षक को अपना उत्तर पत्र दिए बिना एवं हाज़िरी-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे । यदि किसी परीक्षार्थी ने दूसरी बार हाज़िरी-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा । **परीक्षार्थी अपने बाएँ हाथ के अंगूठे का निशान हाज़िरी-पत्र में दिए गए स्थान पर अवश्य लगाएँ ।**
12. इलेक्ट्रॉनिक / हस्तचालित परिकलक का उपयोग वर्जित है ।
13. परीक्षा हॉल/कक्ष में आचरण के लिए परीक्षार्थी बोर्ड के सभी नियमों एवं विनियमों द्वारा नियमित हैं । अनुचित साधनों के सभी मामलों का फैसला बोर्ड के नियमों एवं विनियमों के अनुसार होगा ।
14. किसी हालत में परीक्षा पुस्तिका और उत्तर पत्र का कोई भाग अलग न करें ।
15. **परीक्षा सम्पन्न होने पर, परीक्षार्थी हॉल / कक्ष छोड़ने से पूर्व उत्तर पत्र कक्ष-निरीक्षक को अवश्य सौंप दें । परीक्षार्थी अपने साथ इस परीक्षा पुस्तिका को ले जा सकते हैं ।**

**READ THE FOLLOWING INSTRUCTIONS CAREFULLY:**

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Black/Blue Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet / Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, it will be considered as using unfair means in the examination and action will be taken against them including cancellation of examination.
9. Each candidate must show on demand his / her Admit Card to the Invigilator.
10. No candidate, without special permission of the Centre Superintendent or Invigilator, should leave his / her seat.
11. The candidates should not leave the Examination Hall/Room without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic / Manual Calculator is prohibited.
13. The candidates are governed by all Rules and Regulations of the Board with regard to their conduct in the Examination Hall/Room. All cases of unfair means will be dealt with as per Rules and Regulations of the Board.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***